# LANGUAGE: IN THE CONTEXT OF ARTIFICIAL INTELLIGENCE

# ਭਾਸ਼ਾ : ਮਸਨੂਈ ਬੁੱਧੀ ਦੇ ਪ੍ਰਸੰਗ ਵਿਚ

ਡਾ. ਕੰਵਲਜੀਤ ਕੌਰ (Dr. Kanwaljeet Kaur)

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ

ਸ੍ਰੀ ਗੁਰੂ ਨਾਨਕ ਕੰਨਿਆ ਪੀ.ਜੀ. ਕਾਲਜ, ਸ੍ਰੀਗੰਗਾਨਗਰ (ਰਾਜਸਥਾਨ)

Email ID: kanwaljeet11kaur@gmail.com ਮੋਬਾਈਲ: +91- 94603-95739

**ABSTRACT**

*ਕਿਸੇ ਵੀ ਬੋਲੀ ਦਾ ਪਹਿਲਾ ਸੰਬੰਧ ਬੋਲਾਂ ਨਾਲ ਹੈ। ਅਜੋਕੇ ਏਆਈ ਦੇ ਤਕਨੀਕ ਦੇ ਯੁੱਗ ਵਿੱਚ ਸੰਸਾਰ ਦੇ ਸਾਰੇ ਲੋਕ ਆਪਣੀਆਂ ਭਾਸ਼ਾਵਾਂ ਪ੍ਰਤੀ ਸੁਚੇਤ ਹੋ ਗਏ ਹਨ। ਅੱਜ ਦੀ ਜਾਗਰੂਕਤਾ ਤੇ ਹੀ ਸਾਡੀਆਂ ਭਾਸ਼ਾਵਾਂ ਦਾ ਭਵਿੱਖ ਖੜ੍ਹਾ ਹੈ। ਤਕਨੀਕੀ ਯੁੱਗ ਵਿੱਚ ਤਕਨੀਕ ਦੀ ਮਦਦ ਨਾਲ ਭਾਸ਼ਾਵਾਂ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਇਸ ਤੱਤ ਤੋਂ ਵੀ ਅਸੀਂ ਇਨਕਾਰੀ ਨਹੀਂ ਹੋ ਸਕਦੇ । ਕੀ ਜ਼ੁਬਾਨ ਉੱਤੇ ਸੰਭਾਲੇ ਬਗੈਰ ਕਿਸੇ ਭਾਸ਼ਾ ਦਾ ਲੰਮੇ ਸਮੇਂ ਲਈ ਹੋਂਦ ਬਣਾਈ ਰੱਖਣਾ ਅਸੰਭਵ ਹੈ। ਭਾਸ਼ਾ ਕੁਦਰਤ ਵੱਲੋਂ ਮਿਲੀ ਨਿਰੋਲ ਕੁਦਰਤੀ ਸ਼ੈ ਹੈ। ਜਿਸ ਦਾ ਨਿਕਾਸ ਤੇ ਵਿਕਾਸ ਸਾਡੇ ਮਨ ਬੁੱਧੀ ਕਲਪਨਾ ਤੇ ਭਾਵਾਂ ਵਿੱਚੋਂ ਹੋਇਆ ਹੈ। ਕਿਸੇ ਵਿਸ਼ੇਸ਼ ਭਾਸ਼ਾ ਦਾ ਪ੍ਰਵਾਹ ਜਿਹੜੇ ਖੇਤਰ ਵਿੱਚ ਹੁੰਦਾ ਹੈ। ਉਹ ਭਾਸ਼ਾ ਉਸ ਖੇਤਰ ਦੇ ਭੂਗੋਲ ਅਤੇ ਸਮੁੱਚੇ ਸੱਭਿਆਚਾਰ ਦੇ ਜਿਨ੍ਹਾਂ ਨੂੰ ਆਪਣੇ ਆਗੋਸ਼ ਵਿੱਚ ਸੰਭਾਲਦੀ ਰਹੀ ਹੈ। ਭਾਸ਼ਾ ਨਿੱਤ ਬਦਲਦੀ ਵਿਗਸਦੀ ਰਹੀ ਹੈ। ਸ਼ਬਦਾਵਲੀ ਨੂੰ ਵਧਾਂਦੀ ਤੇ ਕਦੇ ਕਦੇ ਘਟਾਉਂਦੀ ਵੀ ਹੈ। ਇਹ ਖੜੋਤ ਵਿੱਚ ਜੀ ਨਹੀਂ ਸਕਦੀ ਭਾਸ਼ਾ ਦਾ ਪ੍ਰਵਾਹ ਤਾਂ ਵਗਦੇ ਦਰਿਆ ਵਰਗਾ ਹੈ। ਜੋ ਕਿਸੇ ਖੇਤਰ ਦੀ ਭੂਗੋਲਿਕ ਸਥਿਤੀ ਅਨੁਸਾਰ ਆਕਾਰ ਤਾਂ ਬਦਲਦਾ ਹੈ ਪਰ ਮੂਲ ਨਾਲ ਰਿਸ਼ਤਾ ਕਾਇਮ ਰੱਖਦਾ ਹੈ। ਪੰਜਾਬੀ ਦੀਆਂ ਉਪ ਭਾਸ਼ਾਵਾਂ ਇਸਦੀਆਂ ਸ੍ਰੇਸ਼ਟ ਉਦਾਹਰਨਾਂ ਹਨ। ਜੇਕਰ ਅਸੀਂ ਆਪਣੀ ਭਾਸ਼ਾ ਪੰਜਾਬੀ ਨੂੰ ਕੌਮਾਂਤਰੀ ਪੱਧਰ ਤੇ ਸ਼ਾਨੋ ਸ਼ੌਕਤ ਨਾਲ ਵਿਚਰਦੀ ਵੇਖਣ ਦੇ ਚਾਹਵਾਨ ਹਾਂ ਤਾਂ ਆਓ ਹੁਣ ਤੋਂ ਹੀ ਇਸਦੀ ਪਹਿਲਾ ਸਮਾਜਿਕ ਪੱਧਰ ਤੇ ਪੂਰੀ ਪਛਾਣ ਬਣਾ ਕੇ ਇਸ ਦਾ ਮਹੱਤਵ ਉਜਾਗਰ ਕਰੀਏ।*

***ਕੀਵਰਡ : ਭਾਸ਼ਾ,ਏ ਆਈ, ਮਸਨੂਈ ਲਿਆਕਤ, ਸੋਸ਼ਲ ਮੀਡੀਆ, ਟੈਕਨਾਲੋਜੀ, ਗੁਰਬਾਣੀ।***

ਇਸ ਵਿਸ਼ਾਲ ਬ੍ਰਹਿਮੰਡ ਵਿੱਚ ਮਨੁੱਖ ਵਿਲੱਖਣ ਹਸਤੀ ਦਾ ਮਾਲਕ ਹੈ। ਮਨੁੱਖ ਕੋਲ ਇਕ ਸੰਪੂਰਨ ਸਮਾਜਿਕ ਢਾਂਚਾ ਹੈ। ਇਸ ਸਮਾਜਿਕ ਉਸਾਰ ਵਿੱਚ ਭਾਸ਼ਾ ਨੀਂਹ ਦਾ ਰੋਲ ਨਿਭਾਉਂਦੀ ਹੈ। ਭਾਸ਼ਾ ਸਾਡੀ ਜ਼ਿੰਦਗੀ ਦੀ ਅਹਿਮ ਲੋੜ ਹੈ। ਮਨੁੱਖਤਾ ਦੇ ਸਰਬਪੱਖੀ ਵਿਕਾਸ ਵਿੱਚ ਭਾਸ਼ਾ ਦੀ ਮਹੱਤਤਾ ਨਿਰਵਿਵਾਦ ਹੈ। ਮਨੁੱਖੀ ਭਾਸ਼ਾਵਾਂ ਦਾ ਵਿਕਾਸ ਉਸ ਦੇ ਸਮਾਜਿਕ ਜੀਵਨ ਦੇ ਸਮਾਨੰਤਰ ਹੁੰਦਾ ਰਿਹਾ ਹੈ। ਅੱਜ ਜਿੰਨੀਆਂ ਵੀ ਭਾਸ਼ਾਵਾਂ ਸਾਡੇ ਕੋਲ ਹਨ। ਉਹ ਕਈ ਸੌ ਸਾਲਾਂ ਦੇ ਮਨੁੱਖੀ ਬੌਧਿਕ ਵਿਕਾਸ ਦਾ ਸਿੱਟਾ ਹਨ ।

ਮਨੁੱਖ ਦੁਆਰਾ ਰਚੇ ਸਾਹਿਤ ਅਤੇ ਉੱਸਰੇ ਹੋਏ ਸਭਿਆਚਾਰ ਦੇ ਕੇਂਦਰ ਵਿੱਚ ਭਾਸ਼ਾ ਦਾ ਰੋਲ ਮਹੱਤਵਪੂਰਨ ਹੈ ਅਤੇ ਇਹ ਗੱਲ ਵੀ ਨਿਰਵਿਵਾਦ ਹੈ ਕਿ ਜਦ ਕਿਸੇ ਖੇਤਰ ਦੀ ਭਾਸ਼ਾ ਬਦਲਦੀ ਹੈ ਤਾਂ ਇਸਦਾ ਪ੍ਰਭਾਵ ਉਸ ਖੇਤਰ ਦੇ ਸਾਹਿਤ ਅਤੇ ਸਭਿਆਚਾਰ ਉੱਪਰ ਪੈਂਦਾ ਹੈ। ਪਰਿਵਰਤਨ ਕੁਦਰਤ ਦਾ ਅਟਲ ਨਿਯਮ ਹੈ। ਜੋ ਸਾਨੂੰ ਸਭ ਨੂੰ ਸਵੀਕਾਰ ਕਰਨਾ ਪੈਂਦਾ ਹੈ। ਭਾਸ਼ਾ ਵਿੱਚ ਇਸ ਪਰਿਵਰਤਨ ਦੇ ਸਿੱਟੇ ਵਜੋਂ ਉਸ ਭਾਸ਼ਾ ਵਿੱਚ ਰਚੇ ਸਾਹਿਤ ਅਤੇ ਉਸ ਖੇਤਰ ਦੇ ਸਭਿਆਚਾਰ ਨੂੰ ਕਿੰਨਾ ਕੁ ਫ਼ਾਇਦਾ ਜਾਂ ਨੁਕਸਾਨ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਤੱਥ ਨੂੰ ਵਿਚਾਰਨਾ ਵੀ ਜ਼ਰੂਰੀ ਹੋ ਜਾਂਦਾ ਹੈ ।

*"ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਸਾਰਾ ਸੰਸਾਰ ਇੱਕ ਮੰਚ 'ਤੇ ਆ ਚੁੱਕਾ ਹੈ। ਦੂਰੀਆਂ ਖ਼ਤਮ ਹੋ ਚੁੱਕੀਆਂ ਹਨ। ਸਾਂਝੇ ਮੰਚ ਤੇ ਸਭ ਕੁਝ ਸਾਂਝਾ ਕਾਇਮ ਕਰਨ ਦੀ ਪ੍ਰਵਿਰਤੀ ਕਾਇਮ ਹੋ ਰਹੀ ਹੈ। ਅਸੀਂ ਜਾਣਦੇ ਹਾਂ ਕਿ ਦੁਨੀਆ ਉੱਤੇ ਕੁਝ ਕੁ ਵਿਕਸਿਤ ਦੇਸ਼ਾਂ ਦਾ ਗ਼ਲਬਾ ਹੈ। ਵਿੱਤੀ ਸਾਧਨਾ, ਟੈਕਨਾਲੋਜੀ ਅਤੇ ਕੁਦਰਤੀ ਸਾਧਨਾ ਉੱਤੇ ਉਹਨਾਂ ਦਾ ਕਬਜ਼ਾ ਹੈ। ਜਦੋਂ ਅਜਿਹੇ ਮਾਹੌਲ ਵਿੱਚ ਕਿਸੇ ਸਾਂਝੀ ਭਾਸ਼ਾ ਦੀ ਗੱਲ ਹੁੰਦੀ ਹੈ ਤਾਂ ਇਹ ਭਾਸ਼ਾ ਵੀ ਇਹਨਾਂ ਦੇਸ਼ਾਂ ਦੀ ਦੇਣ ਹੈ। ਜਿਸ ਨੂੰ ਸਾਡੇ ਵਰਗੇ ਬਹੁਤ ਸਾਰੇ ਘੱਟ ਵਿਕਸਿਤ ਦੇਸ਼ ਚਾਹੁੰਦਿਆਂ, ਨਾ ਚਾਹੁੰਦਿਆਂ ਸਵੀਕਾਰ ਕਰ ਰਹੇ ਹਨ।"* [1]

ਮਸਨੂਈ ਲਿਆਕਤ ਦੀ ਵਰਤੋਂ ਟੈਕਨਾਲੋਜੀ ਦੇ ਖੇਤਰ ਵਿੱਚ ਵੱਡੀ ਪੱਧਰ ਤੇ ਹੋ ਰਹੀ ਹੈ। ਇਸ ਨੇ ਸਾਡੇ ਕੰਮ ਕਰਨ ਦੀ ਸਮਰੱਥਾ ਵਿੱਚ ਬਹੁਤ ਵਾਧਾ ਕੀਤਾ ਹੈ। ਚਿਕਿਤਸਾ, ਸਿੱਖਿਆ, ਬੈਂਕਿੰਗ, ਸੁਰੱਖਿਆ ਆਦਿ ਦੇ ਖੇਤਰ ਵਿੱਚ ਇਸ ਦੀ ਵਰਤੋਂ ਨੇ ਹੈਰਾਨੀਜਨਕ ਨਤੀਜੇ ਦਿੱਤੇ ਹਨ। ਏਆਈ ਦੀ ਸਮਰੱਥਾ ਨੂੰ ਹੋਰ ਵਧਾਉਣ ਲਈ ਵਿਗਿਆਨੀ ਅਣਥੱਕ ਯਤਨ ਕਰ ਰਹੇ ਹਨ।

ਏਆਈ ਦੇ ਪ੍ਰਸੰਗ ਵਿੱਚ ਭਾਸ਼ਾ ਦੀ ਗੱਲ ਕਰੀਏ ਤਾਂ ਇਹ ਤੱਥ ਵੀ ਸਾਡੇ ਸਾਹਮਣੇ ਹੈ ਕਿ ਇਸ ਤਕਨੀਕ ਉੱਤੇ ਵੀ ਗਿਣੇ-ਚੁਣੇ ਦੇਸ਼ਾਂ ਦਾ ਨਿਯੰਤਰਨ ਹੈ

ਅਤੇ ਉਹਨਾਂ ਦੀ ਭਾਸ਼ਾ ਅੰਗਰੇਜ਼ੀ ਦਾ ਪ੍ਰਯੋਗ ਸੰਚਾਰ ਕਾਰਜਾਂ ਲਈ ਹੋ ਰਿਹਾ ਹੈ। ਇੱਕ ਸਾਂਝੀ ਅੰਤਰਰਾਸ਼ਟਰੀ ਭਾਸ਼ਾ ਦੇ ਜ਼ਿਆਦਾ ਪ੍ਰਯੋਗ ਨਾਲ ਬਾਕੀ ਦੇਸ਼ਾਂ ਦੀਆਂ ਰਾਸ਼ਟਰੀ ਅਤੇ ਖੇਤਰੀ ਭਾਸ਼ਾਵਾਂ ਨੂੰ ਡਾਢਾ ਨੁਕਸਾਨ ਹੋਇਆ ਹੈ। ਦੁਨੀਆ ਦੇ ਬਹੁਤ ਸਾਰੇ ਜਾਗਰੂਕ ਲੋਕ ਆਪਣੀਆਂ ਮਾਂ ਬੋਲੀਆਂ ਅਤੇ ਹੋਰ ਖੇਤਰੀ ਬੋਲੀਆਂ ਦੀ ਹੋਂਦ ਨੂੰ ਬਚਾਉਣ ਲਈ ਯਤਨ ਕਰ ਰਹੇ ਹਨ।

ਇਸ ਪਰਿਪੇਖ ਵਿੱਚ ਜੇਕਰ ਅਸੀਂ ਆਪਣੀ ਭਾਸ਼ਾ ਪੰਜਾਬੀ ਵੱਲ ਨਜ਼ਰ ਮਾਰੀਏ ਤਾਂ ਸਥਿਤੀ ਕਾਫ਼ੀ ਨਿਰਾਸ਼ਾਜਨਕ ਪ੍ਰਤੀਤ ਹੁੰਦੀ ਹੈ। ਆਪਣੀ ਮਾਤ ਬੋਲੀ ਪੰਜਾਬੀ ਪ੍ਰਤੀ ਸਾਡੇ ਆਪਣੇ ਹੀ ਉਦਾਸੀਨ ਰਵਈਏ ਨੇ ਇਸ ਗੌਰਵਸ਼ਾਲੀ ਪ੍ਰਾਚੀਨ ਭਾਸ਼ਾ ਦੀ ਸ਼ਾਨ ਨੂੰ ਸੱਟ ਲਾਈ ਹੈ। ਸੂਚਨਾ ਕ੍ਰਾਂਤੀ ਦੇ ਵਰਤਮਾਨ ਸਮੇਂ ਵਿੱਚ ਕਿਸੇ ਭਾਸ਼ਾ ਦਾ ਮਹੱਤਵ ਇਸ ਤੱਥ ਤੋਂ ਸਾਬਤ ਹੋ ਜਾਂਦਾ ਹੈ ਕਿ ਕਿੰਨੇ ਲੋਕ ਉਕਤ ਭਾਸ਼ਾ ਨੂੰ ਆਪਣੇ ਵਿਚਾਰਾਂ ਅਤੇ ਗਿਆਨ ਦੇ ਆਦਾਨ ਪ੍ਰਦਾਨ ਲਈ ਵਰਤਦੇ ਹਨ ਅੱਜ ਆਨਲਾਈਨ ਮਾਧਿਅਮ ਰਾਹੀਂ ਪੜ੍ਹਾਈ ਦਾ ਬੇਹੱਦ ਪ੍ਰਚਲਨ ਹੋ ਚੁੱਕਿਆ ਹੈ ਅਤੇ ਇਹ ਵਿੱਦਿਆ ਪ੍ਰਾਪਤੀ ਦਾ ਤਾਕਤਵਰ ਮਾਧਿਅਮ ਬਣ ਚੁੱਕਿਆ ਹੈ। ਇਸ ਪ੍ਰਸੰਗ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਵਾਚਣ ਦੀ ਲੋੜ ਹੈ। ਕੀ ਅਸੀਂ ਆਪਣੀ ਇਸ ਭਾਸ਼ਾ ਦੀ ਪੂਰੀ ਸ਼ਬਦਾਵਲੀ (ਸਥਾਨਕ ਮੁਹਾਵਰੇ ਸਹਿਤ) ਇਸ ਦੀ ਵਿਆਕਰਨ ਅਤੇ ਸਮੁੱਚੀ ਡਾਇਲੈਕਟਸ ਨੂੰ ਅੰਤਰਰਾਸ਼ਟਰੀ ਮੰਚ ਤੇ ਸਾਂਝਾ ਕੀਤਾ ਹੈ ? ਕੀ ਅਸੀਂ ਆਪਣੇ ਡਾਟਾ ਨੂੰ ਸੁਰੱਖਿਅਤ ਰੱਖਣ ਵਾਲੇ ਸਾਫ਼ਟਵੇਅਰ ਤਿਆਰ ਕੀਤੇ ਹਨ, ਜਿਸ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਬੱਚੇ ਪੰਜਾਬੀ ਵਿੱਚ ਵਿਦਿਆ ਗ੍ਰਹਿਣ ਕਰਨ ?

ਦੱਖਣ ਭਾਰਤ ਦੇ ਲੋਕ ਆਪਣੀਆਂ ਬੋਲੀਆਂ ਪ੍ਰਤੀ ਜ਼ਿਆਦਾ ਸੁਚੇਤ ਹਨ ਉਹਨਾਂ ਨੇ ਵਿਸ਼ਵੀਕਰਨ ਅਤੇ ਏਆਈ ਦੇ ਦੌਰ ਵਿੱਚ ਆਪਣੀ ਖੇਤਰੀ ਭਾਸ਼ਾਵਾਂ ਤਾਮਿਲ, ਤੇਲਗੂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਬਹੁਤ ਪਹਿਲਾਂ ਹੀ ਯਤਨ ਆਰੰਭ ਕਰ ਦਿੱਤੇ ਸਨ। ਉਹਨਾਂ ਨੇ ਆਪਣੀਆਂ ਭਾਸ਼ਾਵਾਂ ਨਾਲ ਸੰਬੰਧਿਤ ਜਾਣਕਾਰੀ ਦੇ ਸਾਫ਼ਟਵੇਅਰ ਤਿਆਰ ਕਰ ਲਏ ਹਨ ਉਹਨਾਂ ਦੀ ਗੰਭੀਰਤਾ ਤੇ ਮਿਹਨਤ ਨੂੰ ਫਲ਼ ਲੱਗਾ ਹੈ। ਅੱਜ ਇਹਨਾਂ ਭਾਸ਼ਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਸੰਚਾਰ ਲਈ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਥਾਂ ਮਿਲ ਗਈ ਹੈ।

ਆਉਣ ਵਾਲੀਆਂ ਪੀੜੀਆਂ ਨੂੰ ਇਹਨਾਂ ਭਾਸ਼ਾਵਾਂ ਦੀ ਪੂਰੀ ਜਾਣਕਾਰੀ ਮਿਲਦੀ ਰਹੇਗੀ। ਪੰਜਾਬੀ ਭਾਸ਼ਾ ਸਬੰਧੀ ਸਾਫ਼ਟਵੇਅਰ ਤਿਆਰ ਕਰਨ ਦੀ ਦੌੜ ਵਿੱਚ ਅਸੀਂ ਪਛੜ ਚੁੱਕੇ ਹਾਂ। ਪੰਜਾਬੀ ਲੋਕਾਂ ਦਾ ਆਪਣੀ ਭਾਸ਼ਾ ਪ੍ਰਤੀ ਉਦਾਸੀਨ ਰਵੱਈਆ ਅਤੇ ਏਆਈ ਦੇ ਬੋਲ ਬਾਲੇ ਵਿੱਚ ਦੂਜੀ ਭਾਸ਼ਾਵਾਂ ਦੇ ਸੰਚਾਰ ਮਾਧਿਅਮ ਉੱਤੇ ਕਬਜ਼ਾ ਕਰਨ ਦੀ ਦੌੜ ਨੇ ਪੰਜਾਬੀ ਭਾਸ਼ਾ ਦੇ ਮਹੱਤਵ ਨੂੰ ਘਟਾਇਆ ਹੈ। ਜੇਕਰ ਸਥਿਤੀ ਅਜਿਹੀ ਰਹੀ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੰਜਾਬੀ ਕੁਝ ਗਿਣਤੀ ਦੇ ਲੋਕਾਂ ਦੀ ਜ਼ੁਬਾਨ ਬਣ ਕੇ ਹੌਲੀ ਹੌਲੀ ਖ਼ਤਮ ਹੋ ਜਾਏਗੀ। ਇਸ ਨਾਲ ਸਾਡੇ ਸਾਹਿਤ ਅਤੇ ਸੱਭਿਆਚਾਰ ਦਾ ਕੀ ਬਣੂ ? ਇਹ ਗੰਭੀਰ ਪ੍ਰਸ਼ਨ ਸਭ ਦੇ ਸਾਹਮਣੇ ਹਨ।

ਪੰਜਾਬ ਦਾ ਵਿਲੱਖਣ ਅਮੀਰ ਅਤੇ ਨਰੋਆ ਵਿਰਸਾ ਪਹਿਲਾਂ ਹੀ ਸੋਸ਼ਲ ਮੀਡੀਆ ਦੀ ਭੇਟ ਚੜ ਚੁੱਕਾ ਹੈ। ਪੰਜਾਬੀ ਬੱਚਿਆਂ ਦੀ ਜ਼ੁਬਾਨ ਤੋਂ ਪੰਜਾਬੀ ਗ਼ਾਇਬ ਹੋ ਰਹੀ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬਿਨਾਂ ਸ਼ੱਕ ਵਿਦਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਹੈ ਪਰ ਪਬਲਿਕ ਸਕੂਲਾਂ ਵਿੱਚ ਪੰਜਾਬੀ ਨੂੰ ਕੇਵਲ ਇੱਕ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ। ਇਹਨਾਂ ਸਕੂਲਾਂ ਵਿੱਚ ਅੰਗਰੇਜ਼ੀ ਅਤੇ ਹਿੰਦੀ ਬੋਲਣ ਵਾਸਤੇ ਪ੍ਰੇਰਿਤ ਕੀਤਾ ਜਾਂਦਾ ਹੈ। ਇਹ ਸਭ ਕਾਰਨ ਹਨ ਜਿਨ੍ਹਾਂ ਕਰਕੇ ਅਸੀਂ ਆਪਣੀ ਬੋਲੀ ਸਾਹਿਤ ਅਤੇ ਸਭਿਆਚਾਰ ਨੂੰ ਆਪਣੀਆਂ ਅਗਲੀ ਪੀੜੀ ਨਾਲ ਸਾਂਝੀ ਕਰਨ ਵਿੱਚ ਇਹ ਅਸਫਲ ਹੋ ਰਹੇ ਹਾਂ ।

ਭਾਸ਼ਾ ਉਹ ਬਲਵਾਨ ਨੀਂਹ ਹੈ ਜਿਸ ਉੱਤੇ ਕਿਸੇ ਖੇਤਰ ਦਾ ਸਾਹਿਤ ਅਤੇ ਸਭਿਆਚਾਰ ਵਿਕਸਦਾ ਹੈ। ਜੇਕਰ ਕੋਈ ਆਪਣੇ ਸਭਿਆਚਾਰ ਨੂੰ ਭੁੱਲਣਾ ਚਾਹੁੰਦਾ ਹੈ ਤਾਂ ਬੱਸ ਭਾਸ਼ਾ ਪ੍ਰਤੀ ਅਵੇਸਲਾ ਹੋਣ ਦੀ ਲੋੜ ਹੈ। ਦੁੱਖ ਦੀ ਗੱਲ ਹੈ ਕਿ ਅਸੀਂ ਇਹ ਕੰਮ ਕਰ ਰਹੇ ਹਾਂ। ਜੇਕਰ ਭਾਸ਼ਾ ਸਾਹਿਤ ਅਤੇ ਸਭਿਆਚਾਰ ਵਰਗੀਆਂ ਅਨਮੋਲ ਦਾਤਾਂ ਸਾਡੇ ਹੱਥੋਂ ਨਿਕਲ ਗਈਆਂ ਤਾਂ ਅਸੀਂ ਪੰਜਾਬੀ ਉਸ ਮਿਲਗੋਭੇ ਜਿਹੇ ਸੱਭਿਆਚਾਰ ਦੇ ਗੁਲਾਮ ਬਣ ਕੇ ਜੀਵਨ ਬਤੀਤ ਕਰਾਂਗੇ ਜੋ ਸਾਨੂੰ ਏਆਈ ਦੀ ਕਿਰਪਾ ਨਾਲ ਸੋਸ਼ਲ ਮੀਡੀਆ ਰਾਹੀਂ ਦੂਜੇ ਪ੍ਰਧਾਨ ਦੇਸ਼ ਦੇਣਗੇ।

ਉਪਰੋਕਤ ਸਾਰੀ ਸਥਿਤੀ ਦਾ ਵਿਵੇਚਨ ਕਰਦਿਆਂ ਮੈਨੂੰ ਯਾਦ ਆ ਜਾਂਦੀ ਹੈ। ਉਸ ਮਹਾਨ ਧਾਰਮਿਕ ਰਹਿਬਰ, ਮਹਾਨ ਸਮਾਜਿਕ ਸੁਧਾਰਕ ਅਤੇ ਸ੍ਰੇਸ਼ਟ ਚਿੰਤਕ ਸਤਿਗੁਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ। ਜਿਨ੍ਹਾਂ ਦੇ ਮਨ ਵਿਚ ਆਪਣੀ ਬੋਲੀ ਲਈ ਕਿੰਨੀ ਕਦਰ ਸੀ ਕਿ ਜਦ ਮੁਗ਼ਲ ਪੰਜਾਬ ਉੱਤੇ ਹਮਲਾ ਕਰਕੇ, ਜਿੱਤ ਕੇ ਪੰਜਾਬ ਦੇ ਵਾਸੀ ਬਣ ਗਏ ਤਾਂ ਉਨ੍ਹਾਂ ਦੀ ਜ਼ੁਬਾਨ ਫ਼ਾਰਸੀ, ਅਰਬੀ ਨੂੰ ਪੰਜਾਬ ਦੇ ਲੋਕ ਵੀ ਵਰਤਣ ਲੱਗ ਪਏ ਸਨ ਤਾਂ ਸੁਚੇਤ ਸਾਹਿਤਕਾਰ ਹੋਣ ਕਰਕੇ ਆਪ ਜੀ ਨੇ ਇਸ ਗੱਲ ਨੂੰ ਠੀਕ ਨਾ ਸਮਝਿਆ। ਆਪ ਜੀ ਨੇ ਇਸ ਤੱਥ ਪ੍ਰਤੀ ਆਪਣੀ ਬਾਣੀ ਵਿੱਚ ਟਿੱਪਣੀਆਂ ਵੀ ਕੀਤੀਆਂ ਹਨ ਜਿਵੇਂ :-

*'ਖਤਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥'*[2]

*'ਘਰਿ ਘਰਿ ਮੀਆਂ ਸਭਨਾਂ ਜੀਆ ਬੋਲੀ ਅਵਰ ਤੁਮਾਰੀ ॥'*[3]

ਗੁਰੂ ਸਾਹਿਬ ਜੀ ਨੇ ਉਪਰੋਕਤ ਪੰਕਤੀਆਂ ਵਿੱਚ ਮੁਗ਼ਲਾਂ ਦੀ ਭਾਸ਼ਾ ਨੂੰ ਨਿੰਦਿਆ ਨਹੀਂ ਪਰ ਪੰਜਾਬੀਆਂ ਦੀ, ਮਾਤ ਭਾਸ਼ਾ ਨੂੰ ਛੱਡ ਕੇ ਗੈਰ ਭਾਸ਼ਾ ਵਰਤਣ ਦੀ ਰੁਚੀ ਨੂੰ ਆਪਣੇ ਪਿਆਰ ਭਰੇ ਬੋਲਾਂ ਰਾਹੀਂ (ਉਸ ਟੀਸ ਨੂੰ) ਬਿਆਨ ਕੀਤਾ ਹੈ।

ਗੁਰੂ ਸਾਹਿਬਾਨ ਜੀ ਭਾਸ਼ਾ, ਧਰਮ, ਜਾਤ-ਪਾਤ ਅਤੇ ਰੰਗ ਦੇ ਵਖਰੇਵੇਂ ਦੇ ਵਿਰੋਧੀ ਸਨ। ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਸਰਬ ਸਾਂਝੀਵਾਲਤਾ ਦੇ ਚਾਹਵਾਨ ਸਨ। ਭਗਤ ਕਬੀਰ ਸਾਹਿਬ ਜੀ ਲਿਖਦੇ ਹਨ :-

*'ਮਾਟੀ ਏਕ ਅਨੇਕ ਭਾਂਤਿ ਕਰ ਸਾਜੀ ਸਾਜਨਹਾਰੈ॥'* [4]

ਇਸ ਸਭ ਦੇ ਬਾਵਜੂਦ ਆਪਣੀ ਅਨਮੋਲ ਵਸਤ ਭਾਸ਼ਾ ਨੂੰ ਪੰਜਾਬੀਆਂ ਵੱਲੋਂ ਤਿਆਗ ਕੇ ਦੂਜੀ ਭਾਸ਼ਾ ਵੱਲ ਰੁਚਿਤ ਹੋਣਾ ਪਾਤਸ਼ਾਹ ਜੀ ਲਈ ਦੁਖਦਾਈ ਪ੍ਰਤੀਤ ਹੁੰਦਾ ਹੈ। ਕਿਸੇ ਵੀ ਖੇਤਰ ਦੇ ਧਰਮ, ਸਮਾਜ, ਸੱਭਿਆਚਾਰ, ਸਾਹਿਤ ਆਦਿ ਦੀ ਵਿਲੱਖਣਤਾ, ਉਸ ਖੇਤਰ ਦੀ ਭਾਸ਼ਾ ਦੇ ਨੁਕਤੇ ਤੇ ਟਿਕੀ ਹੁੰਦੀ ਹੈ। ਇਹ ਗੱਲ ਸਰਬ ਪ੍ਰਵਾਨਿਤ ਹੈ ਅਤੇ ਜਦੋਂ ਤੱਕ ਕਿਸੇ ਖੇਤਰ ਦੇ ਲੋਕਾਂ ਦੀ ਆਪਣੀ ਭਾਸ਼ਾ ਨਾਲ ਪਿਆਰ ਵਾਲੀ ਸਾਂਝ ਹੈ। ਉਸ ਭਾਸ਼ਾ ਦਾ ਮਹੱਤਵ ਘੱਟ ਨਹੀਂ ਸਕਦਾ। ਦੱਖਣ ਭਾਰਤ ਦੀਆਂ ਭਾਸ਼ਾਵਾਂ ਇਸ ਦਾ ਉਦਾਹਰਨ ਹਨ।

ਹੁਣ ਸਮਾਂ ਆ ਚੁੱਕਾ ਹੈ ਕਿ ਅਸੀਂ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਹੰਭਲਾ ਮਾਰੀਏ। ਸ਼ੁਰੂਆਤ ਹਮੇਸ਼ਾ ਆਪਣੇ ਘਰ ਤੋਂ ਕਰਨੀ ਚਾਹੀਦੀ ਹੈ। ਆਪਣੇ ਬੱਚਿਆਂ ਨਾਲ ਪੰਜਾਬੀ ਵਿੱਚ ਗੱਲ ਕਰੀਏ ਤੇ ਉਹਨਾਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕਰੀਏ। ਅਸੀਂ ਜਿੱਥੇ ਵੀ ਆਪਣੇ ਕੰਮਕਾਰ ਨੌਕਰੀ ਆਦਿ ਕਰਦੇ ਹਾਂ ਉੱਥੇ ਆਪਣੀ ਭਾਸ਼ਾ ਵਰਤੀਏ। ਲੋੜ ਪੈਣ ਤੇ ਹੀ ਦੂਜੀ ਭਾਸ਼ਾ ਵਰਤੀਏ। ਮੁਹਾਵਰੇ ਕਿਸੇ ਭਾਸ਼ਾ ਦੇ ਪ੍ਰਾਣ ਹੁੰਦੇ ਹਨ। ਅਖਾਣਾਂ ਅਤੇ ਮੁਹਾਵਰਿਆਂ ਨੂੰ ਆਪਣੀ ਵਾਰਤਾਲਾਪ ਵਿੱਚ ਸ਼ਾਮਲ ਕਰੀਏ। ਅਖਾਣਾਂ ਅਤੇ ਮੁਹਾਵਰੇ ਸਾਡੇ ਸਭਿਆਚਾਰ ਦੀ ਜਾਗਦੀ ਤਸਵੀਰ ਹੁੰਦੇ ਹਨ, ਇਹਨਾਂ ਨੂੰ ਉਚਿਤ ਮਹੱਤਵ ਮਿਲਣਾ ਅੱਜ ਦੀ ਜ਼ਰੂਰਤ ਹੈ ।

ਹੁਣ ਲੋੜ ਹੈ ਆਪਣੀ ਬੋਲੀ ਪ੍ਰਤੀ ਪੂਰਾ ਪਿਆਰ ਤੇ ਸਮਰਪਣ ਦਾ ਭਾਵ ਰੱਖਦੇ ਹੋਏ ਇਸਦੀ ਸਮਰੱਥਾ ਨੂੰ ਵਧਾਉਣ ਦੀ ਪੰਜਾਬੀ ਵਿੱਚ ਤਾਂ ਵੈਸੇ ਵੀ ਵੱਖ-ਵੱਖ ਬੋਲੀਆਂ ਦੇ ਸ਼ਬਦਾਂ ਨੂੰ ਆਪਣੇ ਮੁਹਾਂਦਰੇ ਅਨੁਸਾਰ ਢਾਲਣ ਦੀ ਜਾਚ ਹੈ, ਸਮਰੱਥਾ ਹੈ। ਅੱਜ ਪੰਜਾਬੀ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਦੀ ਗਿਣਤੀ ਅਣਗਿਣਤ ਹੈ। ਇਹ ਸਾਰੇ ਸ਼ਬਦ ਪੰਜਾਬੀ ਦੀ ਆਪਣੀ ਮਲਕੀਅਤ ਹਨ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਵਿੱਚ ਸਮਾਂ ਲੈਣ ਦੀ ਅਥਾਹ ਸਮਰੱਥਾ ਨੂੰ ਅਸੀਂ ਇੱਕ ਹਥਿਆਰ ਵਜੋਂ ਵਰਤੀਏ। ਵਿਗਿਆਨ ਦਾ ਵਿਸ਼ਾ ਪੜ੍ਹਾਉਣ ਵਿੱਚ ਵੀ ਸਾਡੀ ਪੰਜਾਬੀ ਸਮਰੱਥ ਹੋ ਸਕਦੀ ਹੈ। ਜੇਕਰ ਅਸੀਂ ਨਜਿੱਠ ਕੇ, ਇੱਕ ਜੁੱਟ ਹੋ ਕੇ, ਮਿਹਨਤ ਨਾਲ ਸ਼ਬਦ ਕੋਸ਼ ਦਾ ਨਿਰਮਾਣ ਕਰੀਏ। ਲੋੜ ਮੁਤਾਬਕ ਨਵੇਂ ਸ਼ਬਦਾਂ ਨੂੰ ਪੰਜਾਬੀ ਮੁਹਾਂਦਰੇ ਵਿੱਚ ਢਾਲ ਕੇ ਨਵੇਂ ਨਵੇਂ ਸ਼ਬਦ-ਕੋਸ਼ ਤਿਆਰ ਕਰਨ ਦੀ ਲੋੜ ਹੈ। ਇਸ ਨਾਲ ਅਸੀਂ ਰਾਸ਼ਟਰੀ ਅੰਤਰਰਾਸ਼ਟਰੀ ਸੰਚਾਰ ਦੀ ਲੋੜ ਪੂਰੀ ਕਰ ਸਕਾਂਗੇ। ਅਸੀਂ ਸਾਰੇ ਪ੍ਰਣ ਕਰੀਏ, ਅਸੀਂ ਪੰਜਾਬੀ ਬੋਲਾਂਗੇ, ਪੰਜਾਬੀ ਵਿੱਚ ਲਿਖਾਂਗੇ ਅਤੇ ਪੰਜਾਬੀ ਵਿਚ ਆਪਣੇ ਵਿਚਾਰਾਂ ਨੂੰ ਸਪਸ਼ਟਤਾ ਸਹਿਤ ਸਭ ਦੇ ਸਾਹਮਣੇ ਰੱਖਾਂਗੇ ਤਾਂ ਉਹ ਦਿਨ, ਉਹ ਸਮਾਂ, ਦੂਰ ਨਹੀਂ ਜਦ ਸਾਡੀ ਪੰਜਾਬੀ ਭਾਸ਼ਾ ਕਿਸੇ ਵੀ ਭਾਸ਼ਾ ਦੇ ਮੁਕਾਬਲੇ ਅੱਵਲ ਰਹੇਗੀ। ਇਸ ਦੀ ਗਵਾਚੀ ਸ਼ਾਨ ਬਹਾਲ ਹੋ ਜਾਵੇਗੀ।

ਉਪਰੋਕਤ ਵਿਚਾਰ ਚਰਚਾ ਦੇ ਸਿੱਟੇ ਵਜੋਂ ਇੱਕ ਮਹੱਤਵਪੂਰਨ ਗੱਲ ਸਾਡੇ ਜ਼ਿਹਨ ਵਿੱਚ ਉੱਕਰ ਜਾਂਦੀ ਹੈ। ਕਿ ਕਿਸੇ ਵੀ ਬੋਲੀ ਦਾ ਪਹਿਲਾ ਸੰਬੰਧ ਬੋਲਾਂ ਨਾਲ ਹੈ। ਅਜੋਕੇ ਏਆਈ ਦੇ ਤਕਨੀਕ ਦੇ ਯੁੱਗ ਵਿੱਚ ਸੰਸਾਰ ਦੇ ਸਾਰੇ ਲੋਕ ਆਪਣੀਆਂ ਭਾਸ਼ਾਵਾਂ ਪ੍ਰਤੀ ਸੁਚੇਤ ਹੋ ਗਏ ਹਨ ਅੱਜ ਦੀ ਜਾਗਰੂਕਤਾ ਤੇ ਹੀ ਸਾਡੀਆਂ ਭਾਸ਼ਾਵਾਂ ਦਾ ਭਵਿੱਖ ਖੜ੍ਹਾ ਹੈ। ਤਕਨੀਕੀ ਯੁੱਗ ਵਿੱਚ ਤਕਨੀਕ ਦੀ ਮਦਦ ਨਾਲ ਭਾਸ਼ਾਵਾਂ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਇਸ ਤੱਤ ਤੋਂ ਵੀ ਅਸੀਂ ਇਨਕਾਰੀ ਨਹੀਂ ਹੋ ਸਕਦੇ ਕੀ ਜਵਾਨ ਉੱਤੇ ਸੰਭਾਲੇ ਬਗੈਰ ਕਿਸੇ ਭਾਸ਼ਾ ਦਾ ਲੰਮੇ ਸਮੇਂ ਲਈ ਹੋਂਦ ਬਣਾਈ ਰੱਖਣਾ ਅਸੰਭਵ ਹੈ। ਭਾਸ਼ਾ ਕੁਦਰਤ ਵੱਲੋਂ ਮਿਲੀ ਨਿਰੋਲ ਕੁਦਰਤੀ ਸ਼ੈ ਹੈ। ਜਿਸ ਦਾ ਨਿਕਾਸ ਤੇ ਵਿਕਾਸ ਸਾਡੇ ਮਨ ਬੁੱਧੀ ਕਲਪਨਾ ਤੇ ਭਾਵਾਂ ਵਿੱਚੋਂ ਹੋਇਆ ਹੈ। ਕਿਸੇ ਵਿਸ਼ੇਸ਼ ਭਾਸ਼ਾ ਦਾ ਪ੍ਰਵਾਹ ਜਿਹੜੇ ਖੇਤਰ ਵਿੱਚ ਹੁੰਦਾ ਹੈ। ਉਹ ਭਾਸ਼ਾ ਉਸ ਖੇਤਰ ਦੇ ਭੂਗੋਲ ਅਤੇ ਸਮੁੱਚੇ ਸੱਭਿਆਚਾਰ ਦੇ ਜਿਨ੍ਹਾਂ ਨੂੰ ਆਪਣੇ ਆਗੋਸ਼ ਵਿੱਚ ਸੰਭਾਲਦੀ ਰਹੀ ਹੈ। ਭਾਸ਼ਾ ਨਿੱਤ ਬਦਲਦੀ ਵਿਗਸਦੀ ਰਹੀ ਹੈ। ਸ਼ਬਦਾਵਲੀ ਨੂੰ ਵਧਾਂਦੀ ਤੇ ਕਦੇ ਕਦੇ ਕਟਾਉਂਦੀ ਵੀ ਹੈ। ਇਹ ਖੜੋਤ ਵਿੱਚ ਜੀ ਨਹੀਂ ਸਕਦੀ ਭਾਸ਼ਾ ਦਾ ਪ੍ਰਵਾਹ ਤਾਂ ਵਗਦੇ ਦਰਿਆ ਵਰਗਾ ਹੈ। ਜੋ ਕਿਸੇ ਖੇਤਰ ਦੀ ਭੂਗੋਲਿਕ ਸਥਿਤੀ ਅਨੁਸਾਰ ਆਕਾਰ ਤਾਂ ਬਦਲਦਾ ਹੈ ਪਰ ਮੂਲ ਨਾਲ ਰਿਸ਼ਤਾ ਕਾਇਮ ਰੱਖਦਾ ਹੈ। ਪੰਜਾਬੀ ਦੀਆਂ ਉਪ ਭਾਸ਼ਾਵਾਂ ਇਸਦੀਆਂ ਸ੍ਰਿਸ਼ਟ ਉਦਾਹਰਨਾਂ ਹਨ ਜੇਕਰ ਅਸੀਂ ਆਪਣੀ ਭਾਸ਼ਾ ਪੰਜਾਬੀ ਨੂੰ ਕੌਮਾਂਤਰੀ ਪੱਧਰ ਤੇ ਸ਼ਾਨੋ ਸ਼ੌਕਤ ਨਾਲ ਵਿਚਰਦੀ ਵੇਖਣ ਦੇ ਚਾਹਵਾਨ ਹਾਂ ਤਾਂ ਆਓ ਹੁਣ ਤੋਂ ਹੀ ਇਸਦੀ ਪਹਿਲਾ ਸਮਾਜਿਕ ਪੱਧਰ ਤੇ ਪੂਰੀ ਪਛਾਣ ਬਣਾ ਕੇ ਇਸ ਦਾ ਮਹੱਤਵ ਉਜਾਗਰ ਕਰੀਏ ।

***ਹਵਾਲੇ ਅਤੇ ਟਿੱਪਣੀਆਂ***


1. *Kite-Powell J. (2017) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਭਾਸ਼ਾ ਦੀ ਭੂਮਿਕਾ। https://www.forbes.com.*
2. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੬੬੩*
3. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੧੯੧*
4. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੩੫੦*